ਪੁੱਛਗਿੱਛ ਅਤੇ ਸ਼ਿਕਾਇਤਾਂ ਲਈ ਚੈਨਲਾਂ ਦੀ ਸੁਧਾਈ

ਪੁੱਛਗਿੱਛ ਅਤੇ ਸ਼ਿਕਾਇਤਾਂ ਦੇ ਪ੍ਰਬੰਧਨ ਦੀਆਂ ਸਾਡੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ, ਸੋਮਵਾਰ 28 ਸਤੰਬਰ 2020 ਤੋਂ ਪ੍ਰਭਾਵੀ ਮੌਜੂਦਾ ਵਿਤਕਰਾ-ਵਿਰੋਧੀ ਆਰਡੀਨੈਂਸਾਂ ਭਾਵ ਲਿੰਗੀ ਵਿਤਕਰਾ ਆਰਡੀਨੈਂਸ (Cap. 480); ਅਪਾਹਜਤਾ ਵਿਤਕਰਾ ਆਰਡੀਨੈਂਸ (Cap. 487), ਪਰਿਵਾਰਕ ਰੁਤਬਾ ਵਿਤਕਰਾ ਆਰਡੀਨੈਂਸ (Cap. 527) ਅਤੇ ਨਸਲੀ ਵਿਤਕਰਾ ਆਰਡੀਨੈਂਸ (Cap. 602) ਦੇ ਅਧੀਨ ਵਿਤਕਰੇ, ਉਤਪੀੜਨ ਅਤੇ ਮਾਣ-ਹਾਨੀ ਨਾਲ ਸਬੰਧਤ ਜਾਂ ਸਾਡੀਆਂ ਸੇਵਾਵਾਂ ਬਾਰੇ ਸਾਰੀ ਪੁੱਛਗਿੱਛ ਅਤੇ ਸ਼ਿਕਾਇਤਾਂ ਹੇਠ ਲਿਖੇ ਚੈਨਲਾਂ ਵਿਚੋਂ ਇਕ ਦੇ ਰਾਹੀਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ:

- ਵਿਅਕਤੀਗਤ ਰੂਪ ਵਿਚ, ਟੈਲੀਫ਼ੋਨ (ਕੇਵਲ ਪੁੱਛਗਿੱਛ ਲਈ), ਆਨ-ਲਾਇਨ ਫਾਰਮ, ਫੈਕਸ, ਪੱਤਰ (ਮੌਜੂਦਾ ਚੈਨਲ)

- ਐਸ ਐਮ ਐਸ (SMS) ਸੇਵਾਵਾਂ (ਸੁਣਨ ਦੀ ਅਸਮੱਰਥਾ/ਬੋਲਣ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਦੁਆਰਾ ਪੁੱਛਗਿੱਛ ਲਈ)

ਡਾਊਨਲੋਡ ਕੀਤੇ ਜਾ ਸਕਣ ਵਾਲੇ ਫਾਰਮਾਂ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਸਬੰਧਤ ਲਿੰਕ 'ਤੇ ਕਲਿਕ ਕਰੋ:

(ਵਿਤਕਰਾ-ਵਿਰੋਧੀ ਆਰਡੀਨੈਂਸਾਂ ਨਾਲ ਸਬੰਧਤ ਸ਼ਿਕਾਇਤ ਲਈ ਸ਼ਿਕਾਇਤ ਫਾਰਮ)

(ਵਿਤਕਰਾ-ਵਿਰੋਧੀ ਆਰਡੀਨੈਂਸਾਂ ਨਾਲ ਸਬੰਧਤ ਪੁੱਛਗਿੱਛ ਲਈ ਪੁੱਛਗਿੱਛ ਫਾਰਮ)

(ਈ ਓ ਸੀ (EOC) ਦੀਆਂ ਸੇਵਾਵਾਂ ਨਾਲ ਸਬੰਧਤ ਪੁੱਛਗਿੱਛ ਅਤੇ ਸ਼ਿਕਾਇਤ ਲਈ ਸਾਡੇ ਨਾਲ ਸੰਪਰਕ ਕਰੋ/ਫੀਡਬੈਕ ਫਾਰਮ)

ਕਿਰਪਾ ਕਰਕੇ ਭਰੇ ਹੋਏ ਫਾਰਮਾਂ ਨੂੰ ਇਸ ਈਮੇਲ ਪਤੇ 'ਤੇ ਭੇਜ ਦਿਓ eoc@eoc.org.hk। ਕਿਰਪਾ ਕਰਕੇ ਨੋਟ ਕਰੋ ਕਿ ਸੇਵਾ ਦੇ ਵਰਤੋਂਕਾਰ ਜਿਨ੍ਹਾਂ ਦੀਆਂ ਜਿਸ ਤਰ੍ਹਾਂ ਇਸ ਵੈਬਪੇਜ਼ ਉੱਪਰ ਸੂਚੀਬੱਧ ਕੀਤਾ ਗਿਆ ਹੈ, ਭਾਸ਼ਾ ਨਾਲ ਸਬੰਧਤ ਜ਼ਰੂਰਤਾਂ ਹਨ, ਉਹ ਉਨ੍ਹਾਂ ਦੀਆਂ ਭਾਸ਼ਾਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬਣਾਏ ਗਏ ਨਿਰਧਾਰਤ ਡਾਊਨਲੋਡ ਕਰਨਯੋਗ ਫਾਰਮ ਨੂੰ ਜਮ੍ਹਾਂ ਕਰਵਾਉਣ ਲਈ ਈਮੇਲ ਪਤੇ ਦੀ ਵਰਤੋਂ ਕਰ ਸਕਦੇ ਹਨ। ਈਮੇਲ ਪਤਾ eoc@eoc.org.hk ਇਸ ਤਰ੍ਹਾਂ ਦੀਆਂ ਭਾਸ਼ਾਈ ਜ਼ਰੂਰਤਾਂ ਤੋਂ ਵਿਰਵੇ ਵਿਅਕਤੀਆਂ ਤੋਂ ਪੁੱਛਗਿੱਛ ਜਾਂ ਸ਼ਿਕਾਇਤਾਂ ਪ੍ਰਾਪਤ ਕਰਨ ਲਈ ਨਿਰਧਾਰਤ ਨਹੀਂ ਹੈ, ਜਿਨ੍ਹਾਂ ਲਈ ਵੈਬਪੇਜ਼ਾਂ ਉੱਪਰ ਅੰਗਰੇਜ਼ੀ ਜਾਂ ਚਾਈਨੀਜ਼ ਵਿਚ ਈ-ਫਾਰਮ ਉਪਲਬੱਧ ਹਨ।